ਉਪ ਮੰਡਲ ਇੰਜੀਨੀਅਰ,
ਜ/ਸ ਅਤੇ ਸੈਨੀਟੇਸ਼ਨ ਉਪ ਮੰਡਲ
ਨਰੋਟ ਜੈਮਲ ਸਿੰਘ।
ਈ-ਮੇਲ narotsubdivision@gmail.com

ਵਿੱਖੇ,

ਕੇ.ਸੀ.ਐਮ ਮੈਮੋਰੀਅਲ ਸਕੂਲ
ਪਿੰਡ ਅਤੇ ਡਾਕਖਾਨਾ ਰਤਨਗੜ੍ਹ।

ਨੰਬਰ:- 824 ਮਿਤੀ:- 23-05-22

ਵਿਸ਼ਾ :- ਜਨ ਸਿਹਤ ਸੇਵਾਵਾਂ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ:- ਕਾ:ਇੰਜੀ:ਜ/ਸ ਅਤੇ ਸੈਨੀਟੇਸ਼ਨ ਮੰਡਲ ਨੰ:2 ਪਠਾਨਕੋਟ ਜੀ ਦਾ ਪਿੱਠ ਅੰਕਣ ਨੰ: 3151 ਮਿਤੀ:13-04-2022.

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸ੍ਰੀ ਪ੍ਰਦੀਪ ਕੁਮਾਰ ਜੂਨੀਅਰ ਇੰਜੀਨੀਅਰ ਨੇ ਬਿਊਰੋ ਆਫ ਇੰਡੀਅਨ ਸਟੈਂਡਰਡ ਦੀਆਂ ਜਰੂਰਤਾਂ ਅਨੁਸਾਰ ਆਪ ਦੇ ਸਕੂਲ ਦਾ ਨਰੀਖਣ ਕੀਤਾ ਹੈ ਜੋ ਫਿਟਮੈਟਸ ਆਪ ਨੇ ਆਪਣੇ ਸਕੂਲ ਵਿੱਚ ਲਗਾਏ ਹੋਏ ਹਨ ਉਹ ਬਿਊਰੋ ਆਫ ਇੰਡੀਅਨ ਸਟੈਂਡਰਡ ਦੇ ਮੁਤਾਬਿਕ ਘੱਟ ਹਨ। ਇੱਥੇ ਆਪ ਜੀ ਨੂੰ ਇਹ ਲਿਖਿਆ ਜਾਂਦਾ ਹੈ ਕਿ ਇਹ ਫਿਟਮੈਟਸ ਨੱਥੀ ਪ੍ਰੋਫਾਰਮੇ ਅਨੁਸਾਰ ਲੜਕਿਆਂ ਦੇ ਬਲਾਕ, ਲੜਕੀਆਂ ਦੇ ਬਲਾਕ ਅਤੇ ਸਟਾਫ ਲਈ ਅਲਗ-2 ਨੱਥੀ ਪ੍ਰੋਫਾਰਮੇ ਵਿੱਚ ਲਿਖੀ ਗਿਣਤੀ ਮੁਤਾਬਿਕ ਹੋਣੇ ਚਾਹੀਦੇ ਹਨ। ਆਪ ਨੂੰ 3 ਮਹੀਨੇ ਦਾ ਸਮਾਂ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਵਿੱਚ ਬਿਊਰੋ ਆਫ ਇੰਡੀਅਨ ਸਟੈਂਡਰਡ ਮੁਤਾਬਿਕ ਜਨ ਸਿਹਤ ਸੇਵਾਵਾਂ ਦੇ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ। ਆਪ ਦੇ ਸਕੂਲ ਦੀਆਂ ਜਨ ਸਿਹਤ ਸੇਵਾਵਾਂ ਦਾ ਸਰਫੀਫਿਕੇਟ 3 ਮਹੀਨੇ ਲਈ ਜਾਰੀ ਕਰਵਾਉਣ ਲਈ ਇਸ ਦਫਤਰ ਵੱਲੋ ਉੱਚ ਦਫਤਰ ਨੂੰ ਸਿਫਾਰਿਸ਼ ਕੀਤੀ ਜਾ ਰਹੀ ਹੈ। ਇਹ ਸਰਟੀਫਿਕੇਟ ਪਹਿਲੀ ਕਲਾਸ ਤੋ ਲੈ ਕੇ 12ਵੀਂ ਕਲਾਸ ਤੱਕ ਹੋਵੇਗਾ। ਜਨ ਸਿਹਤ ਸੇਵਾਵਾਂ ਦਾ ਕੰਮ ਬਿਊਰੋ ਆਫ ਇੰਡੀਅਨ ਸਟੈਂਡਰਡ ਮੁਤਾਬਕਿ ਸਕੂਲ ਵਿੱਚ ਕਰਨ ਉਪਰੰਤ ਇਸ ਦਫਤਰ ਨੂੰ ਲਿਖਤੀ ਜਾਣੂ ਕਰਵਾਇਆ ਜਾਵੇ। ਅਜਿਹਾ ਨਾਂ ਕਰਨ ਤੇ ਆਪ ਦੇ ਸਕੂਲ ਦਾ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ ਅਤੇ ਇਸ ਸਬੰਧੀ ਉੱਚ ਅਧਿਕਾਰੀਆਂ ਨੂੰ ਲਿੱਖ ਦਿੱਤਾ ਜਾਵੇਗਾ।

ਉਪ ਮੰਡਲ ਇੰਜੀਨੀਅਰ
ਜ/ਸ ਅਤੇ ਸੈਨੀਟੇਸ਼ਨ ਉਪ ਮੰਡਲ,
ਨਰੋਟ ਜੈਮਲ ਸਿੰਘ ਐਟ ਪੱਖੋ ਚੱਕ।

ਪਿੱਠ ਅੰਕਣ ਨੰਬਰ ਮਿਤੀ

ਉਪਰੋਕਤ ਦੀ ਨਕਲ ਕਾਰਜਕਾਰੀ ਇੰਜੀਨੀਅਰ ਜ/ਸ ਅਤੇ ਸੈਨੀਟੇਸ਼ਨ ਮੰਡਲ ਨੰ: 2 ਪਠਾਨਕੋਟ ਜੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸਕੂਲ ਦਾ ਜਨ ਸਿਹਤ ਸੇਵਾਵਾਂ ਦਾ ਕੰਮ ਤਸੱਲੀਬਖਸ਼ ਨਹੀ ਪਾਇਆ ਗਿਆ ਹੈ ਇਸ ਲਈ ਉਕਤ ਸਕੂਲ ਨੂੰ 3 ਮਹੀਨੇ ਦੇ ਅੰਦਰ-2 ਜਨ ਸਿਹਤ ਸੇਵਾਵਾਂ ਦਾ ਕੰਮ ਬਿਊਰੋ ਆਫ ਇੰਡੀਅਨ ਸਟੈਂਡਰਡ ਮੁਤਾਬਿਕ ਕਰਨ ਲਈ ਲਿਖਿਆ ਗਿਆ ਹੈ। ਇਸ ਲਈ ਉਕਤ ਸਕੂਲ ਨੂੰ 3 ਮਹੀਨੇ ਲਈ ਆਰਜੀ ਤੋਰ ਤੇ ਜਨ ਸਿਹਤ ਸੇਵਾਵਾਂ ਦਾ ਸਰਟੀਫਿਕੇਟ ਜਾਰੀ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਨੱਥੀ:- ਫਾਈਲ ਮੂਲ ਰੂਪ ਵਿੱਚ।

Manager
K.C.M. Memorial School
PO Rattangarh-143534

ਉਪ ਮੰਡਲ ਇੰਜੀਨੀਅਰ